## ਬੀ ਐਸ ਸੀ (ਐਗਰੀਕਲਚਰ) ਦੇ ਵਿਦਿਆਰਥੀਆਂ ਦੁਆਰਾ ਹਰਵਾਸ ਨਰਸਰੀ ਦਾ ਦੌਰਾ ਕੀਤਾ।

ਮਿਤੀ 11 ਫਰਵਰੀ, 2020 ਨੂੰ ਆਰੀਆਭੱਟਾ ਕਾਲਜ, ਬਰਨਾਲਾ ਦੇ ਬੀ ਐਸ ਸੀ (ਐਗਰੀਕਲਚਰ) ਦੇ ਵਿਦਿਆਰਥੀਆਂ ਨੇ ਹਰਵਾਸ ਨਰਸਰੀ ਦਾ ਐਜੂਕੇਸ਼ਨਲ ਦੌਰਾ ਕੀਤਾ ਗਿਆ। ਜਿਸ ਵਿਚ ਵਿਦਿਆਰਥੀਆਂ ਨੂੰ ਵੱਖ-ਵੱਖ ਪ੍ਰਕਾਰ ਦੇ ਫੁੱਲਾਂ ਅਤੇ ਸਜਾਵਟੀ ਬੂਟਿਆਂ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਗਈ। ਇਸ ਨਰਸਰੀ ਵਿਚ ਵਿਦਿਆਰਥੀਆਂ ਨੇ ਵੱਖ-ਵੱਖ ਮੌਸਮੀ ਫੁੱਲ, ਘਾਸ ਰੁੱਖ ਤੇ ਮਿੱਟੀ ਰਹਿਤ ਮੀਡੀਆ ਜਿਵੇਂ ਕਿ ਕੋਕੋ ਪੀਟ, ਪਰਲਾਈਟ, ਵਰਮੀ ਪਰਲਾਈਟ ਆਦਿ ਨੂੰ ਅਪਣਾਉਣ ਬਾਰੇ ਜਾਣਕਾਰੀ ਹਾਸਿਲ ਕੀਤੀ। ਇਸ ਤੋਂ ਇਲਾਵਾ ਵਿਦਿਆਰਥੀਆਂ ਨੇ ਵੱਖ- ਵੱਖ ਤਰੀਕਿਆਂ ਦੁਆਰਾ ਪਾਣੀ ਦੀ ਸੁਚੱਜੇ ਢੰਗ ਨਾਲ ਵਰਤੋਂ ਕਰਕੇ ਪੌਦਿਆਂ ਨੂੰ ਉਗਾਉਣ ਬਾਰੇ ਜਾਣਕਾਰੀ ਹਾਸਿਲ ਕੀਤੀ ਜਿਸ ਵਿਚ ਸਪਰਿੰਕਲਰ ਸਿੰਚਾਈ, ਡਰਿੱਪ ਸਿੰਚਾਈ ਸ਼ਾਮਿਲ ਸਨ। ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਦੱਸਿਆ ਗਿਆ ਕਿ ਕਿਸ ਤਰ੍ਹਾਂ ਉਹ ਘੱਟ ਜਮੀਨ ਤੇ ਨਰਸਰੀ ਲਗਾ ਫੁੱਲਾਂ ਦੀ ਖੇਤੀ ਕਰਕੇ ਵੱਧ ਮੁਨਾਫਾ ਪ੍ਰਾਪਤ ਕਰ ਸਕਦੇ ਹਨ। ਇਸ ਮੌਕੇ ਵਿਦਿਆਰਥੀਆਂ ਨਾਲ ਅਸਿਸਟੈਂਟ ਪ੍ਰੋਫੈਸਰ ਜਸਪ੍ਰੀਤ ਕੌਰ, ਅਸਿਸਟੈਂਟ ਪ੍ਰੋਫੈਸਰ ਕੁਲਦੀਪ ਸਿੰਘ ਹਾਜਿਰ ਸਨ।

ਆਰੀਆਭੱਟਾ ਕਾਲਜ ਦੇ ਡਾਇਰੈਕਟਰ ਡਾ ਅਜੈ ਕੁਮਾਰ ਮਿੱਤਲ ਨੇ ਭਰੋਸਾ ਦਿਵਾਇਆ ਕਿ ਭਵਿੱਖ ਵਿਚ ਅਜਿਹੇ ਤਰਾਂ ਦੇ ਹੋਰ ਵੀ ਵਿੱਦਿਅਕ ਟੂਰ ਲਗਾਏ ਜਾਣਗੇ ਜਿਸ ਨਾਲ ਵਿਦਿਆਰਥੀ ਕਿਤਾਬੀ ਸਿੱਖਿਆ ਦੇ ਨਾਲ-ਨਾਲ ਪ੍ਰੈਕਟੀਕਲ ਜਾਣਕਾਰੀ ਹਾਸਿਲ ਕਰ ਸਕਣ।

Director
Aryabhatta College
Vill. Dheema-Jodhpur
Bazakhana Road,Barnala